## ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।

(ਲੇਖਾ ਸਾਖਾ)

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਬਟਾਲਾ।

ਨੰ: ਲੇਖਾ-6-ਉਕਵਲ-ਡਸਸ-(37)-15/29012
ਮਿਤੀ: 15-7-15

ਵਿਸ਼ਾ:- ਨਗਰ ਕੌਂਸਲ, ਬਟਾਲਾ ਦਾ ਬਜਟ ਸਾਲ 2015-16 ਸਬੰਧੀ।

********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2015-16 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵੱਲੋਂ ਸਾਲ 2015-16 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ

ਬਜਟ ਐਸਟੀਮੇਟ (2015-16) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2015 ਨੂੰ ਮੁੱਢਲਾ ਬਕਾਇਆ (ਕੈਸ਼ ਬੁੱਕ ਅਨੁਸਾਰ) | 27.48 |
| ਸਾਲ 2015-16 ਲਈ ਆਮਦਨ | 2773.00 |
| ਕੁਲ | **2800.48** |
| ਖਰਚਾ | |
| ੳ) ਅਮਲਾ : ਕੇਵਲ ਮੌਜੂਦਾ ਪੋਸਟਾਂ ਅਤੇ ਏਰੀਅਰ ਲਈ / ਪੈਨਸ਼ਨ ਕੰਟਰੀਬਿਊਸ਼ਨ / ਰਿਟਾਇਰਮੈਂਟ ਬੈਨੀਫਿਟ/ ਗਰੈਚੂਟੀ ਅਤੇ ਲੀਵ ਇਨਕੈਸਮੈਂਟ ਆਦਿ | 1650.00 |
| ਅ) ਕੰਟੀਜੈਂਸੀ: | 120.00 |
| ੲ) ਵਿਕਾਸ ਦੇ ਕੰਮਾਂ ਲਈ: ਕਮਿਟਡ : 398.00<br>ਨਾਨ ਕਮਿਟਡ : 603.00 | 1001.00 |
| ਕੁਲ | **2771.00** |
| ਮਿਤੀ 31/3/2016 ਲਈ ਅੰਤਿਮ ਬਕਾਇਆ | 29.48 |
| ਕੁਲ | **2800.48** |

ਆਮਦਨ- ਇਸ ਮੱਦ ਅਧੀਨ ਸਾਲ 2015-16 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 2773.00 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ/ਪ੍ਰਾਪਰਟੀ ਟੈਕਸ | 210.00 |
| ਵੈਟ | 1600.00 |
| ਬਿਜਲੀ ਤੇ ਚੁੰਗੀ | 100.00 |
| ਐਕਸਾਈਜ ਡਿਊਟੀ | 75.00 |
| ਵਾਟਰ / ਸੀਵਰੇਜ | 201.00 |
| ਰੈਂਟ/ਤਹਿਬਜਾਰੀ | 20.00 |
| ਫੀਸਾਂ | 55.00 |
| ਅਦਰਜ | 47.00 |
| ਅਡਵਰਟਾਈਜਮੈਂਟ | 5.00 |
| ਸੇਲ ਆਫ ਪ੍ਰਾਪਰਟੀ | 460.00 |
| ਕੁਲ ਜੋੜ | **2773.00** |

ਨੋਟ :- ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਾਊਸ ਟੈਕਸ ਮੱਦ ਅਧੀਨ 90.00 ਲੱਖ ਰੁਪਏ ਦਾ ਜੋ ਏਰੀਅਰ ਦਰਸਾਇਆ ਗਿਆ ਹੈ। ਉਹ ਸਾਲ 2015-16 ਦੌਰਾਨ ਵਸੂਲ ਕਰਨਾ ਯਕੀਨੀ ਬਣਾਇਆ ਜਾਵੇ।

ਖਰਚਾ:

ਅਮਲਾ: ਅਮਲਾ ਹੈਡ ਅਧੀਨ 1650.00 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਬਜਟ ਵਿੱਚ ਖਾਲੀ ਪੋਸਟਾਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦੋਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ ਉਸ ਸਮੇਂ ਖਰਚਾ ਪ੍ਰਵਾਨ ਕਰਵਾ ਲਿਆ ਜਾਵੇ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾ ਲਈ, ਪੈਨਸਨ ਕੰਟਰੀਬਿਊਸਨ ਲਈ ਵਰਤਿਆ ਜਾਵੇਗਾ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

ਨੋਟ :- ਨਗਰ ਕੌਂਸਲ ਨੂੰ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਅਸਾਮੀ ਨੂੰ ਆਪਣੇ ਪੱਧਰ ਤੇ ਇਸ ਵਿਭਾਗ ਤੋਂ ਪ੍ਰਵਾਨਤ ਸਕੇਲ ਤੋਂ ਵੱਧ ਸਕੇਲ ਨਾ ਦਿੱਤਾ ਜਾਵੇ ਅਤੇ ਨਾ ਹੀ ਕਿਸ਼ੇ ਪੋਸਟ ਨੂੰ ਇਸ ਵਿਭਾਗ ਤੋਂ ਪ੍ਰਵਾਨਤ ਪੋਸਟਾਂ ਤੋਂ ਇਲਾਵਾ ਕੋਈ ਡੇਜੀਗਨੇਸ਼ਨ ਦਿੱਤਾ ਜਾਵੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2015-16 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 120.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 6.00 |
| ਪੈਟਰੋਲ ਅਤੇ ਵਹੀਕਲ | 12.00 |
| ਕੰਪਿਊਟਰ | 2.00 |
| ਟੈਲੀਫੋਨ | 0.70 |
| ਬਿਜਲੀ ਦੇ ਬਿਲ | 10.00 |
| ਓ ਐਂਡ ਐਮ | 10.00 |
| ਮਿਸਲੇਨੀਅਸ ਚਾਰਜਿਜ | 79.30 |
| ਜੋੜ | **120.00** |

ਨੋਟ:- ਕਿਸੇ ਵੀ ਸਬ ਹੈਡ ਅਧੀਨ ਖਰਚਾ ਵੱਧਣ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਬਜਟ ਵਿੱਚ ਸੋਧ ਕਰਵਾਈ ਜਾਵੇ ਅਤੇ ਆਪਣੇ ਪੱਧਰ ਤੇ ਸਬ ਹੈਡਾਂ ਦੇ ਬਜਟ ਦੀ ਅਡਜਸਟਮੈਂਟ ਨਾ ਕੀਤੀ ਜਾਵੇ।

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ ਅਤੇ ਨਾਨ ਕਮਿਟਡ) ਲਈ ਕੁਲ ਖਰਚਾ 1001.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਬਿਜਲੀ ਦੇ ਬਿਲ | 110.00 |
| ਬਿਜਲੀ ਦੇ ਰੱਖ ਰਖਾਵ | 45.00 |
| ਪੁਰਾਣੀਆਂ ਦੇਣਦਾਰੀਆਂ | 112.00 |
| ਡਾਇਰੈਕਟੋਰੇਟ ਚਾਰਜਿਜ ਅਤੇ 52 (1) ਬੀ | 7.00 |
| ਅਦਰਜ (ਵਾਟਰ ਸੈਸ, ਅਵਾਰਾ ਕੁੱਤੇ, ਨਾਈਟ ਸ਼ੈਲਟਰ ਆਦਿ) | 124.00 |
| ਜੋੜ | **398.00** |
| ਨਾਨ ਕਮਿਟਡ | ਵਿਭਾਗ ਦੀ ਪ੍ਰਵਾਨਗੀ |
| ਸੜਕਾਂ ਦੀ ਮੁਰੰਮਤ | 100.00 |
| ਨਾਲੀਆਂ ਦੀ ਰਿਪੇਅਰ | 90.00 |
| ਗਲੀਆਂ ਦੀ ਰਿਪੇਅਰ | 90.00 |
| ਸਫਾਈ ਦੇ ਕੰਮ ਦਾ ਠੇਕਾ | 273.00 |
| ਸੌਲਿਡ ਵੇਸਟ | 15.00 |
| ਮਿਸਲੇਨੀਅਸ | 35.00 |
| ਜੋੜ | 603.00 |

ਵਿਸੇਸ਼ ਨੋਟ :- ਆਪ ਨੂੰ ਲਿਖਿਆ ਜਾਂਦਾ ਹੈ ਕਿ ਲੰਬਿਤ ਦੇਣਦਾਰੀਆਂ ਪਹਿਲ ਦੇ ਅਧਾਰ ਤੇ ਅਦਾ ਕੀਤੀਆਂ ਜਾਣ।

ਮਿਤੀ 31/3/2016 ਲਈ ਅੰਤਮ ਬਕਾਇਆ ਰੁਪਏ 29.48 ਲੱਖ ਰੁਪਏ ਨਿਸਚਿਤ ਗਿਆ ਹੈ। ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬਟਾਲਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਲਈ ਨਿਸਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖ ਕੀਤਾ ਜਾਵੇ ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

ਸ਼ਰਤਾਂ:-

1 ਸਾਲ 2015-16 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ ਦੀ ਜੁੰਮੇਵਾਰੀ ਹੋਵੇਗੀ ।

2. ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।

3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।

4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।

5. ਕਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।

6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।

7. ਕਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।

8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸ਼ੇਸ਼ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

9. ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ ।

11. <u>ਵਿਕਾਸ</u> : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿੱਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਕੌਂਸਲ ਵੱਲੋਂ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।

12. ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।

13. ਸਾਲ 2015-16 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।

14. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

15. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ।

16. ਸ਼ਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

17. ਸਾਲ 2015-16 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸ਼ਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

18. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ ।

19. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਉਪ-ਕੰਟਰੋਲਰ (ਵਿੱਤ ਤੇ ਲੇਖਾ)

ਪਿੱਠ ਅੰਕਣ ਨੰ:ਲੇਖਾ-6-ਉਕਵਲ-ਡਸਸ-(37)-15/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਉਪ-ਕੰਟਰੋਲਰ (ਵਿੱਤ ਤੇ ਲੇਖਾ)